# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 pm**

**ਮਿਤੀ: 03-06-2025**

- NEET-PG 2025 ਪ੍ਰੀਖਿਆ ਅਗਲੀ ਸੂਚਨਾ ਤੱਕ ਮੁਲਤਵੀ- ਸਰਵਉੱਚ ਅਦਾਲਤ ਦੇ ਹੁਕਮਾਂ ਤੋਂ ਬਾਅਦ ਇੱਕੋ ਸ਼ਿਫਟ ਵਿੱਚ ਹੋਵੇਗੀ ਪ੍ਰੀਖਿਆ।
- ਪੰਜਾਬ ਮੰਤਰੀ ਮੰਡਲ ਵਲੋਂ, 4 ਹਜ਼ਾਰ 727 ਅਨੁਸੂਚਿਤ ਜਾਤੀ ਪਰਿਵਾਰਾਂ ਲਈ, ਕਰੀਬ 68 ਕਰੋੜ ਰੁਪਏ ਦੇ ਕਰਜ਼ਾ ਮੁਆਫ਼ੀ ਨੂੰ ਮਨਜ਼ੂਰੀ I
- ਪੰਜਾਬ ਵਿੱਚ ਭਾਰਤੀ ਫੌਜ ਦੇ ਗੋਲਡਨ ਐਰੋ ਡਿਵੀਜ਼ਨ ਵਲੋਂ ਇਤਿਹਾਸਕ ਫਿਰੋਜ਼ਪੁਰ ਕਿਲ੍ਹਾ ਦੋ ਸਦੀਆਂ ਬਾਅਦ, ਲੋਕਾਂ ਲਈ ਖੋਲਿਆ ਗਿਆ ।
- ਵਾਤਾਵਰਣ ਨੂੰ ਪ੍ਰਦੂਸ਼ਣ ਮੁਕਤ ਰੱਖਣ ਅਤੇ ਸਿਹਤਮੰਦ ਰਹਿਣ ਵਿਚ ਸਾਈਕਲ ਦੀ ਮਹੱਤਤਾ ਨੂੰ ਉਜਾਗਰ ਕਰਨ ਲਈ, ਅੱਜ ਵਿਸ਼ਵ ਸਾਈਕਲ ਦਿਵਸ ਮਨਾਇਆ ਜਾ ਰਿਹਾ ਏ I

- ਮੌਸਮ ਵਿਭਾਗ ਨੇ ਬਠਿੰਡਾ, ਮੁਕਤਸਰ ਅਤੇ ਮਾਨਸਾ ਵਿਚ ਗਰਜ-ਚਮਕ ਨਾਲ ਮੀਹਂ ਪੈਣ ਬਾਰੇ ਅਲਰਟ ਜਾਰੀ ਕੀਤਾ- ਫਾਜ਼ਿਲਕਾ ਸਮੇਤ ਕਈ ਥਾਈਂ ਮੀਂਹ ਪਿਆ I
- IPL ਕ੍ਰਿਕਟ ਵਿੱਚ ਅੱਜ ਰਾਇਲ ਚੈਲੇਂਜਰਜ਼ ਬੰਗਲੌਰ ਅਤੇ ਪੰਜਾਬ ਕਿੰਗਜ਼ ਦਰਮਿਆਨ ਹੋਵੇਗਾ ਖਿਤਾਬੀ ਮੁਕਾਬਲਾ ।

--------------------------------------------------------------------------

ਮੈਡੀਕਲ ਵਿਗਿਆਨ ਬਾਰੇ ਰਾਸ਼ਟਰੀ ਪ੍ਰੀਖਿਆ ਬੋਰਡ ਨੇ NEET-PG 2025 ਪ੍ਰੀਖਿਆ ਮੁਲਤਵੀ ਕਰ ਦਿੱਤੀ ਏ, ਜੋ ਪਹਿਲਾਂ ਇਸ ਮਹੀਨੇ ਦੀ 15 ਤਰੀਕ ਨੂੰ ਹੋਣੀ ਸੀ। ਸੁਪਰੀਮ ਕੋਰਟ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਬੋਰਡ ਨੇ NEET-PG 2025 ਇੱਕ ਹੀ ਸ਼ਿਫਟ ਵਿੱਚ ਕਰਵਾਉਣ ਦਾ ਫੈਸਲਾ ਕੀਤਾ ਏ। ਬੋਰਡ ਨੇ ਕਿਹਾ ਏ ਕਿ ਹੋਰ ਪ੍ਰੀਖਿਆ ਕੇਂਦਰਾਂ ਅਤੇ ਲੋੜੀਂਦੇ ਬੁਨਿਆਦੀ ਢਾਂਚੇ ਦਾ ਪ੍ਰਬੰਧ ਕਰਨ ਲਈ, ਪ੍ਰੀਖਿਆ ਮੁਲਤਵੀ ਕਰ ਦਿੱਤੀ ਗਈ ਏ । ਬੋਰਡ ਨੇ ਕਿਹਾ ਏ ਕਿ NEET-PG ਪ੍ਰੀਖਿਆ ਦੀ ਤਰੀਕ ਛੇਤੀ ਹੀ ਐਲਾਨੀ ਜਾਏਗੀ I

--------------------------------------------------------------------------

ਪੰਜਾਬ ਮੰਤਰੀ ਮੰਡਲ ਨੇ 4 ਹਜ਼ਾਰ 727 ਅਨੁਸੂਚਿਤ ਜਾਤੀ ਪਰਿਵਾਰਾਂ ਲਈ ਕਰਜ਼ਾ ਮੁਆਫ਼ੀ ਨੂੰ ਮਨਜ਼ੂਰੀ ਦੇ ਦਿੱਤੀ ਏ, ਜਿਨ੍ਹਾਂ ਨੇ ਆਪਣੇ ਛੋਟੇ ਕਾਰੋਬਾਰ ਸ਼ੁਰੂ ਕਰਨ ਲਈ ਪੰਜਾਬ ਅਨੁਸੂਚਿਤ ਜਾਤੀਆਂ ਭੂਮੀ ਵਿਕਾਸ

ਅਤੇ ਵਿੱਤ ਨਿਗਮ ਤੋਂ ਕਰਜ਼ਾ ਲਿਆ ਸੀ। ਇਨ੍ਹਾਂ ਪਰਿਵਾਰਾਂ ਵਲੋਂ ਲਏ ਗਏ ਕਰੀਬ 68 ਕਰੋੜ ਰੁਪਏ ਦੇ ਕਰਜ਼ੇ ਮੁਆਫ਼ ਕਰ ਦਿੱਤੇ ਗਏ ਨੇ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਉਨ੍ਹਾਂ ਵੱਲੋਂ ਬੁਲਾਈ ਗਈ ਮੰਤਰੀ ਮੰਡਲ ਦੀ ਮੀਟਿੰਗ ਤੋਂ ਬਾਅਦ ਇੱਕ ਪ੍ਰੈਸ ਕਾਨਫਰੰਸ ਦੌਰਾਨ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਇਹ ਪਰਿਵਾਰ, ਕਈ ਸਾਲਾਂ ਤੋਂ ਕਰਜ਼ਾ ਮੁਆਫ਼ੀ ਲਈ ਭੱਜ-ਦੌੜ ਕਰ ਰਹੇ ਸਨ, ਕਿਉਂਕਿ ਉਹ ਵੱਖ-ਵੱਖ ਕਾਰਨਾਂ ਕਰਕੇ ਕਰਜ਼ਾ ਵਾਪਸ ਕਰਨ ਵਿੱਚ ਅਸਮਰੱਥ ਨੇ। ਜ਼ਿਕਰਯੋਗ ਏ ਕਿ ਇਨ੍ਹਾਂ ਅਨੁਸੂਚਿਤ ਜਾਤੀ ਪਰਿਵਾਰਾਂ ਲਈ ਕਰਜ਼ਾ ਮੁਆਫ਼ੀ ਦਾ ਐਲਾਨ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਇਸ ਸਾਲ ਮਾਰਚ ਵਿੱਚ ਕੀਤਾ ਸੀ ਜਦੋਂ ਉਨ੍ਹਾਂ ਨੇ 2025-26 ਲਈ ਆਪਣੇ ਬਜਟ ਅਨੁਮਾਨ ਪੇਸ਼ ਕੀਤੇ ਸਨ। ਇਸ ਨੂੰ ਅੱਜ ਮੰਤਰੀ ਮੰਡਲ ਦੀ ਪ੍ਰਵਾਨਗੀ ਮਿਲ ਗਈ। ਮੰਤਰੀ ਮੰਡਲ ਦੀ ਮੀਟਿੰਗ ਤੋਂ ਬਾਅਦ ਮੀਡੀਆ ਕਾਨਫਰੰਸ ਲਈ, ਮੁੱਖ ਮੰਤਰੀ ਦੇ ਨਾਲ ਆਏ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਅਨੁਸੂਚਿਤ ਜਾਤੀਆਂ ਭੂਮੀ ਵਿਕਾਸ ਨਿਗਮ ਵਿੱਚ ਕਰਜ਼ਾ ਵਾਪਸੀ ਦਰ 84 ਫੀਸਦੀ ਤੋਂ ਵੱਧ ਏ। ਉਨ੍ਹਾਂ ਕਿਹਾ ਕਿ ਜੇਕਰ ਇਨ੍ਹਾਂ ਪਰਿਵਾਰਾਂ ਨੂੰ ਲੋੜ ਏ ਤਾਂ ਉਨ੍ਹਾਂ ਨੂੰ ਹੋਰ ਕਰਜ਼ੇ ਦਿੱਤੇ ਜਾ ਸਕਦੇ ਨੇ, ਤਾਂ ਜੋ ਉਹ ਆਪਣੇ ਆਪ ਨੂੰ ਵਿੱਤੀ ਤੌਰ 'ਤੇ ਮਜ਼ਬੂਤ ਕਰ ਸਕਣ।

---------------------------------------------------------------------

ਪੰਜਾਬ ਵਿੱਚ, ਭਾਰਤੀ ਫੌਜ ਦੇ ਗੋਲਡਨ ਐਰੋ ਡਿਵੀਜ਼ਨ ਵਲੋਂ, ਇਤਿਹਾਸਕ ਫਿਰੋਜ਼ਪੁਰ ਕਿਲ੍ਹੇ ਨੂੰ ਦੋ ਸਦੀਆਂ ਬਾਅਦ, ਲੋਕਾਂ ਲਈ ਖੋਲ੍ਹ ਦਿੱਤਾ ਗਿਆ ਏ । ਇੱਕ ਇਤਿਹਾਸਕ ਕਦਮ ਵਿੱਚ, ਭਾਰਤ-ਪਾਕਿਸਤਾਨ ਸਰਹੱਦ ਨੇੜੇ ਰਣਨੀਤਕ ਤੌਰ 'ਤੇ ਸਥਿਤ, ਫਿਰੋਜ਼ਪੁਰ ਕਿਲ੍ਹਾ, ਸਿੱਖ ਸਾਮਰਾਜ ਤੋਂ 19ਵੀਂ ਸਦੀ ਦੀ ਫੌਜੀ ਭਵਨ ਨਿਰਮਾਣ ਕਲਾ ਦੀ ਇੱਕ ਸ਼ਾਨਦਾਰ ਮਿਸਾਲ ਏ। ਇਸਦਾ ਵਿਲੱਖਣ ਛੇ-ਭੁਜ ਡਿਜ਼ਾਈਨ ਅਤੇ ਮਜ਼ਬੂਤ ਰੱਖਿਆਤਮਕ ਵਿਸ਼ੇਸ਼ਤਾਵਾਂ ਆਪਣੇ ਸਮੇਂ ਦੀ ਰਣਨੀਤਕ ਮੁਹਾਰਤ ਨੂੰ ਦਰਸਾਉਂਦੀਆਂ ਨੇ। ਕਿਲ੍ਹੇ ਨੂੰ ਹਾਲ ਹੀ ਵਿੱਚ ਭਾਰਤੀ ਫੌਜ ਦੇ ਗੋਲਡਨ ਐਰੋ ਡਿਵੀਜ਼ਨ ਦੇ ਜਨਰਲ ਅਫਸਰ ਕਮਾਂਡਿੰਗ, ਮੇਜਰ ਜਨਰਲ RS ਮਨਰਾਲ ਵਲੋਂ  ਰਸਮੀ ਤੌਰ 'ਤੇ ਆਮ ਲੋਕਾਂ ਲਈ ਖੋਲ੍ਹਿਆ ਗਿਆ ਸੀ।**ਵੇਰਵੇ ਨਾਲ ਇਕ ਰਿਪੋਰਟ** :

*This landmark move will foster national pride. Ferozepur Fort - Once a critical outpost in the Sikh Raj's frontier defence network, it holds enduring tales of courage and resistance and also features prominently in narratives of the First War of Independence in 1857.*

*The reopening of the Fort not only reconnects the region with its storied past but also reaffirms its identity as a symbol of valor, resilience and national pride, firmly placing it on Punjab's cultural and heritage tourism map.*

*Following the Indian Army's commitment to connect local population with India's rich military and cultural heritage, this significant architectural and historical site will serve as a classic example of architecture and would also lure researchers besides promoting tourism in the region. <><>*

*Rajesh Bali/Akashvani News/Jalandhar*

------------------------------------------------------------------

ਰਕਸ਼ਾ ਰਾਜ ਮੰਤਰੀ ਸੰਜੇ ਸੇਠ ਨੇ ਰਾਸ਼ਟਰ ਨਿਰਮਾਣ ਵਿੱਚ ਐਨ.ਸੀ.ਸੀ ਦੀ ਭੂਮਿਕਾ ਦੀ ਪੁਸ਼ਟੀ ਕਰਦੇ ਹੋਏ, ਪੂਰੇ ਭਾਰਤ ਵਿੱਚ 3 ਲੱਖ ਕੈਡਿਟਾਂ ਦੁਆਰਾ ਐਨ.ਸੀ.ਸੀ ਦੇ ਯੋਜਨਾਬੱਧ ਵਿਸਥਾਰ ਦਾ ਐਲਾਨ ਕੀਤਾ ਏ । ਅੱਜ ਭੋਪਾਲ ਵਿੱਚ ਐਨ.ਸੀ.ਸੀ ਦੇ ਵਿਸ਼ੇਸ਼ ਸੰਯੁਕਤ ਰਾਜ ਨੁਮਾਇੰਦਿਆਂ ਅਤੇ ਵਧੀਕ, ਡਿਪਟੀ ਡਾਇਰੈਕਟਰ ਜਨਰਲ ਕਾਨਫਰੰਸ ਦਾ ਉਦਘਾਟਨ ਕਰਦੇ ਹੋਏ, ਉਨ੍ਹਾਂ ਕਿਹਾ ਕਿ ਕਈ ਸੂਬੇ ਪਹਿਲਾਂ ਹੀ ਆਪਣੀ ਸਹਿਮਤੀ ਵਧਾ ਰਹੇ ਨੇ ਅਤੇ ਲੋੜੀਂਦੇ ਸਿਖਲਾਈ ਬੁਨਿਆਦੀ ਢਾਂਚੇ ਨੂੰ ਤੇਜ਼ ਕਰਨ ਲਈ ਵਚਨਬੱਧ ਨੇ । ਉਨ੍ਹਾਂ ਨੇ ਸਾਬਕਾ ਸੈਨਿਕਾਂ ਨੂੰ ਐਨ.ਸੀ.ਸੀ ਇੰਸਟ੍ਰਕਟਰਾਂ ਵਜੋਂ ਸ਼ਾਮਲ ਕਰਨ, ਸਾਬਕਾ ਸੈਨਿਕਾਂ ਲਈ ਨਵੇਂ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਸਮੇਤ ਹਾਲੀਆ ਪਹਿਲਕਦਮੀਆਂ ਨੂੰ ਉਜਾਗਰ ਕੀਤਾ ਅਤੇ ਸਵੱਛ ਭਾਰਤ ਅਭਿਆਨ, ਨਵਾਂ ਸਵੇਰਾ ਯੋਜਨਾ, ਅਤੇ ਨਸ਼ਾ ਮੁਕਤੀ ਅਭਿਆਨ

ਵਰਗੀਆਂ ਰਾਸ਼ਟਰੀ ਮੁਹਿੰਮਾਂ ਵਿੱਚ ਐਨ.ਸੀ.ਸੀ ਦੀ ਸਰਗਰਮ ਸ਼ਮੂਲੀਅਤ ਦੀ ਸ਼ਲਾਘਾ ਕੀਤੀ। ਰਕਸ਼ਾ ਰਾਜ ਮੰਤਰੀ ਨੇ 18 ਮਈ, ਨੂੰ ਉਨ੍ਹਾਂ ਦੇ ਸਫਲ ਸੰਮੇਲਨ ਲਈ ਐਨ.ਸੀ.ਸੀ ਮਾਊਂਟ ਐਵਰੈਸਟ ਟੀਮ ਨੂੰ ਵਧਾਈ ਵੀ ਦਿੱਤੀ, ਇਸਨੂੰ ਕੈਡੇਟ ਦੀ ਹਿੰਮਤ ਦੀ ਇੱਕ ਬੇਮਿਸਾਲ ਉਦਾਹਰਣ ਦੱਸਿਆ। ਐਨ.ਸੀ.ਸੀ ਦੇ ਡਾਇਰੈਕਟਰ ਜਨਰਲ ਲੈਫਟੀਨੈਂਟ ਜਨਰਲ ਗੁਰਬੀਰਪਾਲ ਸਿੰਘ ਨੇ ਕੋਰ ਦੀਆਂ ਪ੍ਰਾਪਤੀਆਂ ਅਤੇ ਖਾਕੇ ਦੀ ਰੂਪਰੇਖਾ ਦਿੱਤੀ, ਜਿਸ ਵਿੱਚ ਦੇਸ਼ ਭਰ ਵਿੱਚ ਮਜ਼ਬੂਤ ਸਿਖਲਾਈ ਅਤੇ ਕੈਂਪਿੰਗ ਬੁਨਿਆਦੀ ਢਾਂਚਾ ਸਥਾਪਤ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਏ। ਪੰਜਾਬ ਸਮੇਤ ਸਾਰੇ ਰਾਜਾਂ ਦੇ ਐਨ.ਸੀ.ਸੀ. ਮੁਖੀਆਂ ਨੇ ਕਾਨਫਰੰਸ ਵਿੱਚ ਹਿੱਸਾ ਲਿਆ।

---

ਅਸਾਮ ਵਿੱਚ, ਪਿਛਲੇ 24 ਘੰਟਿਆਂ ਦੌਰਾਨ, ਪੰਜ ਹੋਰ ਜ਼ਿਲ੍ਹਿਆਂ ਦੇ ਹੜ੍ਹਾਂ ਨਾਲ ਪ੍ਰਭਾਵਿਤ ਹੋਣ ਨਾਲ, ਹੜ੍ਹ ਦੀ ਸਥਿਤੀ ਹੋਰ ਵੀ ਗੰਭੀਰ ਹੋ ਗਈ ਏ ਅਤੇ ਹੁਣ 22 ਜ਼ਿਲ੍ਹਿਆਂ ਵਿੱਚ ਪੰਜ ਲੱਖ ਤੋਂ ਵੱਧ ਲੋਕ ਹੜ੍ਹ ਦੀ ਮਾਰ ਹੇਠ ਨੇ I ਸੂਬੇ ਭਰ ਵਿੱਚ 65 ਮਾਲੀਆ ਸਰਕਲਾਂ ਦੇ ਇਕ ਹਜ਼ਾਰ 250 ਤੋਂ ਵੱਧ ਪਿੰਡ, ਹੜ੍ਹ ਨਾਲ ਪ੍ਰਭਾਵਿਤ ਹੋਏ ਨੇ ਅਤੇ 12 ਹਜ਼ਾਰ 600 ਹੈਕਟੇਅਰ ਤੋਂ ਵੱਧ ਫਸਲੀ ਖੇਤਰ ਨੂੰ ਨੁਕਸਾਨ ਪਹੁੰਚਿਆ ਏ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਉੱਤਰ-ਪੂਰਬ ਵਿੱਚ

ਭਾਰੀ ਮੀਹਂ ਅਤੇ ਹੜ੍ਹਾਂ ਕਾਰਨ ਪੈਦਾ ਹੋਈ ਸਥਿਤੀ 'ਤੇ ਅਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਅਤੇ ਸਿੱਕਮ ਦੇ ਮੁੱਖ ਮੰਤਰੀ ਪ੍ਰੇਮ ਸਿੰਘ ਤਮਾਂਗ ਨਾਲ ਗੱਲਬਾਤ ਕੀਤੀ। ਸ਼੍ਰੀ ਮੋਦੀ ਨੇ ਪ੍ਰਭਾਵਿਤ ਸੂਬਿਆਂ ਨੂੰ ਹਰ ਸੰਭਵ ਮਦਦ ਅਤੇ ਸਹਾਇਤਾ ਦਾ ਭਰੋਸਾ ਦਿੱਤਾ ਏ।

-----------------------------------------------------------------------------

ਅੱਜ ਵਿਸ਼ਵ ਸਾਈਕਲ ਦਿਵਸ ਮਨਾਇਆ ਜਾ ਰਿਹਾ ਏ Iਇਹ ਦਿਨ ਵਾਤਾਵਰਣ ਨੂੰ ਪ੍ਰਦੂਸ਼ਣ ਮੁਕਤ ਰੱਖਣ ਅਤੇ ਸਿਹਤਮੰਦ ਰਹਿਣ ਵਿਚ ਸਾਈਕਲ ਦੀ ਮਹੱਤਤਾ ਨੂੰ ਉਜਾਗਰ ਕਰਨ ਲਈ,ਹਰ ਸਾਲ 3 ਜੂਨ ਨੂੰ ਮਨਾਇਆ ਜਾਂਦਾ ਏ।

**ਪੇਸ਼ ਏ ਇੱਕ ਰਿਪੋਰਟ :RNU030625**

*ਸਾਈਕਲ,ਸਸਤਾ, ਭਰੋਸੇਮੰਦ, ਵਿਲੱਖਣ ਅਤੇ ਆਵਾਜਾਈ ਦਾ ਹਰਮਨ ਪਿਆਰਾ ਸਾਧਨ ਏ, ਜੋ ਵਾਤਾਵਰਣ ਦੀ ਰੱਖਿਆ ਅਤੇ ਚੰਗੀ ਸਿਹਤ ਨੂੰ ਉਤਸ਼ਾਹਿਤ ਕਰਦਾ ਏ I ਸੰਯੁਕਤ ਰਾਸ਼ਟਰ ਮਹਾ ਸਭ ਨੇ ਸਾਈਕਲ ਵਿਸ਼ੇਸ਼ਤਾਵਾਂ ਨੂੰ ਮਾਨਤਾ ਦੇਣ ਅਤੇ ਲੋਕਾਂ ਨੂੰ ਇਸਦੀ ਵਰਤੋਂ ਬਾਰੇ ਪ੍ਰੇਰਿਤ ਕਰਨ ਲਈ, 3 ਜੂਨ ਨੂੰ ਵਿਸ਼ਵ ਸਾਈਕਲ ਦਿਵਸ ਵਜੋਂ ਐਲਾਨਣ ਦਾ ਫੈਸਲਾ ਕੀਤਾ । ਇਸ ਮੌਕੇ ਆਕਾਸ਼ਵਾਣੀ ਖਬਰਾਂ ਜਲੰਧਰ ਨੇ ਹੁਸ਼ਿਆਰਪੁਰ ਵਾਸੀ ਸਾਈਕਲਿਸ੍ਰ ਬਲਰਾਜ ਸਿੰਘ ਚੌਹਾਨ ਨਾਲ ਗੱਲਬਾਤ ਕੀਤੀ, ਜੋ ਸਾਈਕਲ ਨੂੰ ਉਤਸ਼ਾਹਿਤ ਕਰਨ*

*ਲਈ, ਰੋਜ਼ਾਨਾ 80 ਤੋਂ 100 ਕਿਲੋਮੀਟਰਸਾਈਕਲ ਚਲਾਉਂਦੇ ਨੇ I ਉਨ੍ਹਾਂ ਦੇਸ਼ ਵਿਦੇਸ਼ ਵਿਚ ਸਾਈਕਲ ਯਾਤਰਾ ਕਰਕੇ ਕਈ ਵਕਾਰੀ ਰਿਕਾਰਡ ਆਪਣੇ ਨਾਮ ਕੀਤੇ ਨੇ Iਆਓ ਸੁਣਦੇ ਆ ਉਨ੍ਹਾਂ ਦਾ ਕਿ ਕਹਿਣਾ ਏ I*

*BYTE*

*ਸਾਈਕਲ ਦੀ ਵਿਸ਼ੇਸ਼ਤਾ ਦਾ ਬਾਰੇ ਪੰਜਾਬੀ ਗਾਇਕ ਗੁਰਦਾਸ ਮਾਨ ਆਖਦੇ ਨੇ BYTE*

*ਪੰਜਾਬ ਸਮੇਤ ਦੇਸ਼ ਭਰ ਵਿਚ ਇਸਦੀ ਮਹੱਤਤਾ ਨੂੰ ਵੇਖਦਿਆਂ ਸਾਈਕਲ ਰੈਲੀਆਂ ਕੱਢੀਆਂ ਜਾਂਦੀਆਂ ਨੇ Iਜਲੰਧਰ ਤੋਂ ਆਕਾਸ਼ਵਾਣੀ ਖਬਰਾਂ ਲਈ ਮੈਂ ਕਾਜਲ*

---------------------------------------------------------------------------

ਪੰਜਾਬ ਪੁਲਿਸ ਨੇ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ ਅਤੇ ਪਾਕਿਸਤਾਨ ਸਥਿਤ ਖਾਲਿਸਤਾਨੀ ਸਮਰਥਕ ਗੋਪਾਲ ਸਿੰਘ ਚਾਵਲਾ ਨਾਲ ਸਬੰਧ ਰੱਖਣ ਵਾਲੇ ਇੱਕ ਜਾਸੂਸ ਨੂੰ ਗ੍ਰਿਫ਼ਤਾਰ ਕੀਤਾ ਏ। ਮੁਲਜ਼ਮ ਗਗਨਦੀਪ ਸਿੰਘ ਨੂੰ ਕੱਲ੍ਹ ਸ਼ਾਮ ਤਰਨਤਾਰਨ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਅਧਿਕਾਰੀਆਂ ਦੇ ਮੁਤਾਬਿਕ, ਉਹ ਸੰਵੇਦਨਸ਼ੀਲ ਅਤੇ ਵਰਗੀਕ੍ਰਿਤ ਜਾਣਕਾਰੀ ਲੀਕ ਕਰ ਰਿਹਾ ਸੀ, ਜਿਸ ਵਿੱਚ ਫੌਜ ਦੀ ਤਾਇਨਾਤੀ ਅਤੇ ਰਣਨੀਤਕ ਸਥਾਨਾਂ ਦੇ ਵੇਰਵੇ ਸ਼ਾਮਲ ਸਨ। ਇਹ ਰਾਸ਼ਟਰੀ ਸੁਰੱਖਿਆ ਲਈ ਗੰਭੀਰ ਖ਼ਤਰਾ ਪੈਦਾ ਕਰ ਰਿਹਾ ਸੀ।ਇਸ

ਬਾਰੇ ਵੇਰਵੇ ਸਾਂਝੇ ਕਰਦਿਆਂ ਸੀਨੀਅਰ ਪੁਲਿਸ ਕਪਤਾਨ ਅਭਿਮਨਯੂ ਰਾਣਾ ਨੇ ਦਸਿਆ **IBYTE:**

ਉਸਦੇ ਕਬਜ਼ੇ ਵਿੱਚੋਂ ਬਰਾਮਦ ਕੀਤੇ ਗਏ ਇੱਕ ਮੋਬਾਈਲ ਫੋਨ ਵਿੱਚ 20 ਤੋਂ ਵੱਧ ਆਈ.ਐਸ.ਆਈ ਦੇ ਲੋਕਾਂ ਦੀ ਖੁਫੀਆ ਜਾਣਕਾਰੀ ਅਤੇ ਸੰਪਰਕ ਵੇਰਵੇ ਸਨ। ਪੁਲਿਸ ਸੂਤਰਾਂ ਦਾ ਕਹਿਣਾ ਏ ਕਿ ਹੋਰ ਸੰਬੰਧਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਦਾ ਪਤਾ ਲਗਾਉਣ ਲਈ ਇੱਕ ਡੂੰਘੀ ਵਿੱਤੀ ਅਤੇ ਤਕਨੀਕੀ ਜਾਂਚ ਜਾਰੀ ਏ।

---------------------------------------------------------------------------

ਲੁਧਿਆਣਾ ਪੱਛਮੀ ਜ਼ਿਮਨੀ ਚੋਣ ਲਈ, ਚੋਣ ਕਮਿਸ਼ਨ ਵਲੋਂ ਤੈਨਾਤ ਆਬਜ਼ਰਵਰਾਂ, ਜਿਨ੍ਹਾਂ ਵਿਚ ਜਨਰਲ ਆਬਜ਼ਰਵਰ ਰਾਜੀਵ ਕੁਮਾਰ, ਪੁਲਿਸ ਆਬਜ਼ਰਵਰ ਸੁਰਿੰਦਰ ਪਾਲ ਅਤੇ ਖਰਚਾ ਨਿਰੀਖਕ ਇੰਦਾਨਾ ਅਸ਼ੋਕ, ਸ਼ਾਮਿਲ ਨੇ ਅੱਜ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੀਆਂ ਗਈਆਂ ਚੋਣ ਤਿਆਰੀਆਂ ਦਾ ਜਾਇਜ਼ਾ ਲਿਆ। ਜ਼ਿਲ੍ਹਾ ਚੋਣ ਅਧਿਕਾਰੀ ਹਿਮਾਂਸ਼ੂ ਜੈਨ ਨੇ ਪ੍ਰਸ਼ਾਸਨ ਵੱਲੋਂ ਹੁਣ ਤੱਕ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਬਾਰੇ ਆਬਜ਼ਰਵਰਾਂ ਨੂੰ ਵਿਸਥਾਰ ਵਿੱਚ ਦੱਸਿਆ। ਆਬਜ਼ਰਵਰਾਂ ਨੇ ਕਿਹਾ ਕਿ ਚੋਣਾਂ ਦੌਰਾਨ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਚੋਣਾਂ ਕਿਸੇ ਵੀ ਤਰ੍ਹਾਂ ਦੀ ਧਮਕੀ ਤੋਂ ਮੁਕਤ ਰਹਿਣ। ਹਿਮਾਂਸ਼ੂ ਜੈਨ ਨੇ

ਚੋਣਾਂ ਨੂੰ ਸੁਚਾਰੂ ਢੰਗ ਨਾਲ ਕਰਵਾਉਣ ਲਈ ਪ੍ਰਸ਼ਾਸਨ ਵੱਲੋਂ ਚੁੱਕੇ ਜਾ ਰਹੇ ਕਦਮਾਂ ਬਾਰੇ ਜਾਣਕਾਰੀ ਦਿੱਤੀ।

---------------------------------------------------------------------

ਮੌਸਮ ਵਿਭਾਗ ਨੇ ਅੱਜ ਪੰਜਾਬ, ਹਰਿਆਣਾ, ਚੰਡੀਗੜ੍ਹ ਦੇ ਕੁਝ ਹਿੱਸਿਆਂ ਵਿੱਚ ਭਾਰੀ ਬਾਰਿਸ਼ ਹੋਣ ਦੀ ਪੇਸ਼ੀਨਗੋਈ ਕੀਤੀ ਏ। ਫਾਜ਼ਿਲਕਾ ਸਮੇਤ ਹੋਰਨਾਂ ਲਈ ਥਾਵਾਂ 'ਤੇ ਅੱਜ ਸ਼ਾਮੀ ਮੀਹਂ ਪਿਆ I ਮੌਸਮ ਵਿਚ ਹੋਈ ਇਸ ਤਬਦੀਲੀ ਕਰਨ ਲੋਕਾਂ ਨੂੰ ਗਰਮੀ ਤੋਂ ਰਾਹਤ ਮਿਲੀ ਏ ਤੇ ਮੌਸਮ ਸੁਹਾਵਣਾ ਹੋ ਗਿਆ ਏ I ਚੰਡੀਗੜ੍ਹ ਸਥਿਤ ਮੌਸਮ ਵਿਭਾਗ ਨੇ ਬਠਿੰਡਾ ਮੁਕਤਸਰ ਅਤੇ ਮਾਨਸਾ ਵਿਚ ਗਰਜ ਚਮਕ ਨਾਲ ਮੀਹਂ ਪੈਣ ਬਾਰੇ ਅਲਰਟ ਜਾਰੀ ਕੀਤਾ I ਜਲੰਧਰ ਸਮੇਤ ਹੋਰਨਾਂ ਲਈ ਜ਼ਿਲਿਆਂ ਵਿਚ ਇਸ ਸਮੇਂ ਬੱਦਲਵਾਈ ਬਣੀ ਹੋਏ ਏ I

---------------------------------------------------------------------

- NEET-PG 2025 ਪ੍ਰੀਖਿਆ ਅਗਲੀ ਸੂਚਨਾ ਤੱਕ ਮੁਲਤਵੀ-ਸਰਵਉੱਚ ਅਦਾਲਤ ਦੇ ਹੁਕਮਾਂ ਤੋਂ ਬਾਅਦ ਇੱਕੋ ਸ਼ਿਫਟ ਵਿੱਚ ਹੋਵੇਗੀ ਪ੍ਰੀਖਿਆ।
- ਪੰਜਾਬ ਮੰਤਰੀ ਮੰਡਲ ਵਲੋਂ, 4 ਹਜ਼ਾਰ 727 ਅਨੁਸੂਚਿਤ ਜਾਤੀ ਪਰਿਵਾਰਾਂ ਲਈ, ਕਰੀਬ 68 ਕਰੋੜ ਰੁਪਏ ਦੇ ਕਰਜ਼ਾ ਮੁਆਫ਼ੀ ਨੂੰ ਮਨਜ਼ੂਰੀ I

- ਪੰਜਾਬ ਵਿੱਚ ਭਾਰਤੀ ਫੌਜ ਦੇ ਗੋਲਡਨ ਐਰੋ ਡਿਵੀਜ਼ਨ ਵਲੋਂ ਇਤਿਹਾਸਕ ਫਿਰੋਜ਼ਪੁਰ ਕਿਲ੍ਹਾ ਦੋ ਸਦੀਆਂ ਬਾਅਦ, ਲੋਕਾਂ ਲਈ ਖੋਲਿਆ ਗਿਆ।
- ਵਾਤਾਵਰਣ ਨੂੰ ਪ੍ਰਦੂਸ਼ਣ ਮੁਕਤ ਰੱਖਣ ਅਤੇ ਸਿਹਤਮੰਦ ਰਹਿਣ ਵਿਚ ਸਾਈਕਲ ਦੀ ਮਹੱਤਤਾ ਨੂੰ ਉਜਾਗਰ ਕਰਨ ਲਈ, ਅੱਜ ਵਿਸ਼ਵ ਸਾਈਕਲ ਦਿਵਸ ਮਨਾਇਆ ਜਾ ਰਿਹਾ ਏ I
- ਮੌਸਮ ਵਿਭਾਗ ਨੇ ਬਠਿੰਡਾ, ਮੁਕਤਸਰ ਅਤੇ ਮਾਨਸਾ ਵਿਚ ਗਰਜ-ਚਮਕ ਨਾਲ ਮੀਹਂ ਪੈਣ ਬਾਰੇ ਅਲਰਟ ਜਾਰੀ ਕੀਤਾ- ਫਾਜ਼ਿਲਕਾ ਸਮੇਤ ਕਈ ਥਾਈਂ ਮੀਂਹ ਪਿਆ I ਅਤੇ
- IPL ਕ੍ਰਿਕਟ ਵਿੱਚ ਅੱਜ ਰਾਇਲ ਚੈਲੇਂਜਰਜ਼ ਬੰਗਲੌਰ ਅਤੇ ਪੰਜਾਬ ਕਿੰਗਜ਼ ਦਰਮਿਆਨ ਹੋਵੇਗਾ ਖਿਤਾਬੀ ਮੁਕਾਬਲਾ ।